# ਜਾਣਕਾਰੀ
# ਦਾ ਦਸਤਾਵੇਜ

ਮਨਿਸਟਰੀ ਆਫ਼
ਦ ਐਟਰਨੀ ਜਨਰਲ

ਤੁਰੰਤ ਜਾਰੀ ਕੀਤੇ ਜਾਣ ਲਈ
5 ਦਸੰਬਰ 2006

## ਮੈਗਿੰਟੀ ਸਰਕਾਰ ਵੱਲੋਂ ਹਿਊਮਨ ਰਾਈਟਸ ਕੋਡ ਅਮੈਂਡਮੈਂਟ ਐਕਟ ਪਾਸ ਕਰਨ ਰਾਹੀਂ ਇਨਸਾਫ਼ ਤਕ ਪਹੁੰਚ ਵਿੱਚ ਸੁਧਾਰ

ਵਿਤਕਰਾ ਖਤਮ ਕਰਨ, ਅਤੇ ਸ਼ਿਕਾਇਤਾਂ ਦੇ ਜਲਦੀ ਅਤੇ ਅਸਰਦਾਰ ਨਿਪਟਾਰੇ ਲਈ ਮੈਗਿੰਟੀ ਸਰਕਾਰ ਓਨਟੇਰੀਓ ਦੀ ਹਿਊਮਨ ਰਾਈਟਸ ਪ੍ਰਣਾਲੀ ਨੂੰ ਆਧੁਨਿਕ ਅਤੇ ਮਜ਼ਬੂਤ ਬਣਾ ਰਹੀ ਹੈ। ਹਿਊਮਨ ਰਾਈਟਸ ਕੋਡ ਅਮੈਂਡਮੈਂਟ ਐਕਟ, 2006 (ਬਿਲ 107), 44 ਸਾਲ ਪਹਿਲਾਂ ਓਨਟੇਰੀਓ ਦੀ ਮਨੁੱਖੀ ਹੱਕਾਂ ਦੀ ਪ੍ਰਣਾਲੀ ਦੇ ਸਿਰਜੇ ਜਾਣ ਤੋਂ ਬਾਅਦ ਇਸ ਵਿੱਚ ਸਭ ਤੋਂ ਵੱਡੀਆਂ ਤਬਦੀਲੀਆਂ ਕਰ ਰਿਹਾ ਹੈ। ਇਹ ਓਨਟੇਰੀਓ ਵਿੱਚ ਮਨੁੱਖੀ ਹੱਕਾਂ ਦੇ ਵਾਧੇ, ਤਰੱਕੀ ਅਤੇ ਇਨ੍ਹਾਂ ਦੇ ਲਾਗੂ ਕੀਤੇ ਜਾਣ ਵਿੱਚ ਸੁਧਾਰ ਕਰੇਗਾ।

ਇਹ ਸੁਧਾਰ, ਜਿਹੜੇ 1992 ਦੀ ਕਾਰਨਿਸ਼ ਰਿਪੋਰਟ ਸਮੇਤ ਕਈ ਰਿਪੋਰਟਾਂ ਦੇ ਮੁਤਾਬਕ ਹਨ, ਸੂਬੇ ਵਿੱਚ ਜਨਤਾ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਨੂੰ ਬਿਹਤਰ ਬਣਾਉਣਗੇ ਅਤੇ ਮਨੁੱਖੀ ਹੱਕਾਂ ਨੂੰ ਅਗਾਂਹ ਵਧਾਉਣਗੇ।

ਹਿਊਮਨ ਰਾਈਟਸ ਕੋਡ ਅਮੈਂਡਮੈਂਟ ਐਕਟ, 2006, ਅਧੀਨ ਸ਼ਿਕਾਇਤਾਂ ਦੀ ਇੱਕ ਨਵੀਂ ਕਾਰਵਾਈ ਲਾਗੂ ਕੀਤੀ ਜਾਵੇਗੀ, ਜਿਸ ਅਧੀਨ ਵਿਅਕਤੀਗਤ ਦਾਅਵੇ ਸਿੱਧੇ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਕੋਲ ਦਾਇਰ ਕੀਤੇ ਜਾਣਗੇ।

ਟ੍ਰਿਬਿਊਨਲ ਸਾਮ੍ਹਣੇ ਪੇਸ਼ ਸਭ ਦਰਖਾਸਤਾਂ, ਜਿਹੜੀਆਂ ਸਮੇਂ ਦੀ ਹੱਦ ਅਤੇ ਟ੍ਰਿਬਿਊਨਲ ਦੇ ਅਖ਼ਤਿਆਰ-ਖੇਤਰ ਮੁਤਾਬਕ ਹੋਣ, ਉਨ੍ਹਾਂ ਤੇ ਸ਼ਿਕਾਇਤਾਂ ਦੀ ਯੋਗਤਾ ਦੇ ਆਧਾਰ ਤੇ ਨਿਪਟਾਰੇ ਦੀ ਇੱਕ ਤੇਜ਼ ਅਤੇ ਵਧੇਰੇ ਖੁੱਲ੍ਹੀ ਕਾਰਵਾਈ ਅਧੀਨ ਸੁਣਵਾਈ ਹੋਵੇਗੀ। ਪਹਿਲੀ ਵਾਰੀ ਸੰਸਥਾਵਾਂ ਨੂੰ ਕਿਸੇ ਹੋਰ ਦੀ ਬਿਨਾ ਤੇ ਦਰਖ਼ਾਸਤ ਦਾਇਰ ਕਰਨ ਦੀ ਖੁੱਲ੍ਹ ਹੋਵੇਗੀ ਅਤੇ ਸ਼ਿਕਾਇਤ ਦਾਇਰ ਕਰਨ ਲਈ ਸਮੇਂ ਦੀ ਹੱਦ ਵਧਾ ਕੇ ਇੱਕ ਸਾਲ ਕਰ ਦਿੱਤੀ ਜਾਵੇਗੀ। ਟ੍ਰਿਬਿਊਨਲ ਵਿਖੇ ਨਿਆਂਕਰਤਾਵਾਂ (ਐਡਜੂਡੀਕੇਟਰਾਂ) ਨੂੰ ਮਨੁੱਖੀ ਹੱਕਾਂ ਦੇ ਖੇਤਰ ਵਿੱਚ ਮੁਹਾਰਤ ਹੋਵੇਗੀ ਅਤੇ ਉਨ੍ਹਾਂ ਨੂੰ ਇੱਕ ਪਾਰਦਰਸ਼ੀ, ਪ੍ਰਤੀਯੋਗੀ ਕਾਰਵਾਈ ਰਾਹੀਂ ਨਿਯੁਕਤ ਕੀਤਾ ਜਾਵੇਗਾ।

ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ ਨੂੰ ਕਿਸੇ ਵੀ ਮਾਮਲੇ ਦੀ ਛਾਣ-ਬੀਣ ਕਰਨ ਦਾ ਅਖ਼ਤਿਆਰ ਹੋਵੇਗਾ ਜੇ ਉਹ ਸਮਝੇ ਕਿ ਛਾਣ-ਬੀਣ ਕਰਨਾ ਜਨਤਕ ਹਿਤ ਵਿੱਚ ਹੈ। ਇਸ ਨੂੰ ਟ੍ਰਿਬਿਊਨਲ ਦੇ ਸਾਮ੍ਹਣੇ ਪੇਸ਼ ਦਰਖ਼ਾਸਤਾਂ ਵਿੱਚ ਦਖਲ ਦੇਣ ਦਾ ਵੀ ਹੱਕ ਹੋਵੇਗਾ। ਕਾਨੂੰਨ ਕਮਿਸ਼ਨ ਨੂੰ ਟ੍ਰਿਬਿਊਨਲ ਦੇ ਸਾਮ੍ਹਣੇ ਆਪਣੇ ਵੱਲੋਂ ਦਰਖ਼ਾਸਤ ਦੇਣ ਦਾ ਹੱਕ ਵੀ ਦੇਵੇਗਾ।

ਕਮਿਸ਼ਨ ਹਰ ਵਰ੍ਹੇ ਓਨਟੇਰੀਓ ਦੇ ਲੋਕਾਂ ਨੂੰ ਰਿਪੋਰਟ ਦੇਵੇਗਾ ਅਤੇ ਜੇ ਉਹ ਮੁਨਾਸਬ ਸਮਝੇ ਤਾਂ ਇਸ ਕੋਲ ਹੋਰ ਵੀ ਕਿਸੇ ਕਿਸਮ ਦੀਆਂ ਰਿਪੋਰਟਾਂ ਬਣਾਉਣ ਦਾ ਹੱਕ ਹੋਵੇਗਾ। ਪਹਿਲੀ ਵਾਰੀ ਕਮਿਸ਼ਨਰਾਂ ਤੇ ਮਨੁੱਖੀ ਹੱਕਾਂ ਬਾਰੇ ਮਾਮਲਿਆਂ ਵਿੱਚ ਮੁਹਾਰਤ ਰੱਖਣ ਅਤੇ ਓਨਟੇਰੀਓ ਦੀ ਵਿਭਿੰਨਤਾ ਦਰਸਾਉਣ ਦੀ ਸ਼ਰਤ ਹੋਵੇਗੀ।

ਟ੍ਰਿਬਿਊਨਲ ਕੋਲ ਦਰਖ਼ਾਸਤਾਂ ਦਾਇਰ ਕਰਨ ਦੇ ਹਰ ਪੱਖ ਮੁਤੱਲਕ ਅਤੇ ਹੋਰ ਹਿਮਾਇਤੀ ਸੇਵਾਵਾਂ ਪ੍ਰਦਾਨ ਕਰਨ ਲਈ ਇਹ ਵਿਧਾਨ ਸੂਬੇ ਭਰ ਵਿੱਚ ਜਨਤਕ ਪੈਸੇ ਨਾਲ ਚੱਲਣ ਵਾਲਾ ਅਤੇ ਜਨਤਾ ਨੂੰ ਜਵਾਬਦੇਹ ਇੱਕ ਲੀਗਲ ਸੱਪੋਰਟ ਸੈਂਟਰ ਕਾਇਮ ਕਰੇਗਾ, ਜਿਹੜਾ ਪੈਸੇ ਪੱਖੋਂ ਕਾਰਗਰ ਅਤੇ ਅਸਰਦਾਰ ਹੋਵੇਗਾ। ਇਸ ਦਾ ਅਰਥ ਹੈ ਕਾਰਵਾਈ ਦੇ ਸ਼ੁਰੂ ਤੋਂ ਲੈ ਕੇ ਆਖੀਰ ਤਕ, ਸਮੇਤ ਟ੍ਰਿਬਿਊਨਲ ਦੇ ਹੁਕਮਾਂ ਦੀ ਤਾਮੀਲ ਕਰਾਉਣ ਦੇ, ਬਿਨੈਕਾਰਾਂ ਲਈ ਹਿਮਾਇਤ।

### ਇਨਸਾਫ਼ ਤਕ ਪਹੁੰਚ ਸੰਬੰਧੀ ਹੋਰ ਪਹਿਲਕਦਮੀਆਂ

ਸਰਕਾਰ ਨੇ ਓਨਟੇਰੀਓ ਦੀ ਇਨਸਾਫ਼ ਪ੍ਰਣਾਲੀ ਤੋਂ ਮਦਦ ਹਾਸਲ ਕਰਨ ਨੂੰ ਆਧੁਨਿਕ ਅਤੇ ਸੁਧਰਿਆ ਹੋਇਆ ਬਣਾਉਣ ਲਈ ਵਧੇਰੇ ਖੁੱਲ੍ਹ, ਪਾਰਦਰਸ਼ਤਾ ਅਤੇ ਜਵਾਬਦੇਹੀ ਪ੍ਰਦਾਨ ਕਰਦਿਆਂ ਹੋਇਆਂ ਕਈ ਹੋਰ ਪਹਿਲਕਦਮੀਆਂ ਵੀ ਲਾਗੂ ਕੀਤੀਆਂ ਹਨ।

- ਬਿਲ 14, ਐਕਸੈੱਸ ਟੂ ਜਸਟਿਸ ਐਕਟ, ਪਾਸ ਕਰਨਾ ਜਿਹੜਾ:
    - ਪੈਰਾਲੀਗਲਾਂ ਨੂੰ ਨਿਯਮਬੱਧ ਕਰਦਾ ਹੈ
    - ਜਸਟਿਸਿਜ਼ ਆਫ਼ ਦਾ ਪੀਸ ਐਕਟ ਨੂੰ ਸੋਧਦਾ ਹੈ
    - ਪ੍ਰੋਵਿੰਸ਼ਿਅਲ ਓਫੈਂਸਿਜ਼ ਐਕਟ ਨੂੰ ਸੋਧਦਾ ਹੈ
    - ਓਨਟੇਰੀਓ ਦੇ ਵਿਧਾਨਾਂ ਅਤੇ ਨਿਯਮਾਂ ਦਾ ਅਰਥ ਦੱਸਣ ਅਤੇ ਇਨ੍ਹਾ ਦੇ ਪਰਚਾਰ ਨਾਲ ਸੰਬੰਧਤ ਨਿਯਮਾਂ ਨੂੰ ਆਧੁਨਿਕ ਬਣਾਉਣ ਲਈ ਲੈਜਿਸਲੇਸ਼ਨ ਐਕਟ ਨੂੰ ਸਿਰਜਦਾ ਹੈ
    - ਲਿਮਿਟੇਸ਼ਨਜ਼ ਐਕਟ ਵਿੱਚ ਸੋਧ ਕਰਦਾ ਹੈ
    - ਕੋਰਟਸ ਆਫ਼ ਜਸਟਿਸਿਜ਼ ਐਕਟ ਵਿੱਚ ਸੋਧ ਕਰਦਾ ਹੈ
- ਮਾਮਲਿਆਂ ਨੂੰ ਮੁਕੱਦਮੇ ਤਕ ਪਹੁੰਚਣ ਵਿੱਚ ਲੱਗਣ ਵਾਲੇ ਸਮੇਂ ਨੂੰ ਘਟਾਉਣ ਲਈ 61 ਜੱਜ ਸਾਹਿਬਾਨ, 45 ਜਸਟਿਸਿਜ਼ ਆਫ਼ ਦੀ ਪੀਸ, ਅਤੇ ਵਧੀਕ ਅਦਾਲਤੀ ਕਰਮਚਾਰੀਆਂ ਦੀ ਨਿਯੁਕਤੀ ਕਰਦਾ ਹੈ। ਸਰਕਾਰ ਨੇ 64 ਸਰਕਾਰੀ ਵਕੀਲ ਵੀ ਭਰਤੀ ਕੀਤੇ ਹਨ ਜਿਹੜੇ ਖਾਸ ਤੌਰ ਤੇ ਗੰਨਜ਼ ਐਂਡ ਗੈਂਗਜ਼ ਟਾਸਕ ਫੋਰਸ ਨਾਲ ਸੰਬੰਧਤ ਮਾਮਲੇ ਵੇਖਣਗੇ। ਨਾਲ ਹੀ, ਓਨਟੇਰੀਓ ਕੋਰਟ ਆਫ਼ ਜਸਟਿਸ ਵਿੱਚ ਪਰਿਵਾਰਾਂ ਅਤੇ ਬੱਚਿਆਂ ਦੀ ਸੁੱਰਖਿਆ ਨਾਲ ਸੰਬੰਧਤ ਮਾਮਲਿਆਂ ਦੀ ਸੁਣਵਾਈ ਕਰਨ ਵਾਲੇ ਵਧੀਕ ਜੱਜ ਸਾਹਿਬਾਨ ਦੀ ਗਿਣਤੀ ਵਧਾ ਕੇ ਛੇ ਕਰ ਦਿੱਤੀ ਗਈ ਹੈ।
- ਇੱਕ ਆਧੁਨਿਕ ਅਤੇ ਆਜ਼ਾਦ ਲਾਅ ਕਮਿਸ਼ਨ ਆਫ਼ ਓਨਟੇਰੀਓ ਦੀ ਮੁੜ-ਸਥਾਪਤੀ ਕਰਨਾ, ਜਿਹੜਾ ਇਨਸਾਫ਼ ਦੀ ਪ੍ਰਣਾਲੀ ਵਿੱਚ ਸੁਧਾਰ ਅਤੇ ਇਨਸਾਫ ਹਾਸਲ ਕਰਨ ਨੂੰ ਵਧਾਉਣ ਦੇ ਤਰੀਕਿਆਂ ਲਈ ਸਿਫਾਰਸ਼ਾਂ ਕਰੇਗਾ।
- ਬਿਲ 103, ਇੰਡੀਪੈਂਡੈਂਟ ਪੁਲਿਸ ਰਿਵੀਊ ਐਕਟ, 2006, ਪੇਸ਼ ਕਰਨਾ, ਜਿਹੜਾ, ਜੇ ਪਾਸ ਹੋ ਗਿਆ, ਤਾਂ ਓਨਟੇਰੀਓ ਵਿੱਚ ਪੁਲਿਸ ਰਿਵੀਊ ਦੀ ਪ੍ਰਣਾਲੀ ਦੇ ਪ੍ਰਬੰਧ ਲਈ ਇੱਕ ਸਿਵਲੀਅਨ ਸੰਸਥਾ ਕਾਇਮ ਕਰੇਗਾ।
- ਸੰਨ 2006/07 ਵਾਸਤੇ ਓਨਟੇਰੀਓ ਲੀਗਲ ਏਡ ਦੀ ਮਾਲੀ ਸਹਾਇਤਾ ਵਧਾ ਕੇ $13 ਮਿਲੀਅਨ ਕਰਨਾ। ਅਕਤੂਬਰ, 2003 ਤੋਂ ਲੈ ਕੇ ਮੈਗਿੰਟੀ ਸਰਕਾਰ ਨੇ ਬੁਨਿਆਦੀ ਮਾਲੀ ਸਹਾਇਤਾ 10% ਵਧਾ ਕੇ $25 ਮਿਲੀਅਨ ਕਰ ਦਿੱਤੀ ਹੈ।
- ਅਜਿਹੀਆਂ ਨੀਤੀਆਂ ਅਤੇ ਜ਼ਾਬਤੇ ਅਪਣਾਉਣਾ ਜਿਹੜੇ ਮੀਡੀਆ ਅਤੇ ਜਨਤਾ ਦਰਮਿਆਨ ਇਨਸਾਫ਼ ਦੀ ਪ੍ਰਣਾਲੀ ਦਾ ਖੁੱਲ੍ਹਾਪਣ ਵਧਾਉਣ, ਜਾਣਕਾਰੀ ਤਕ ਵਧੇਰੇ ਪਹੁੰਚ ਪ੍ਰੋਤਸਾਹਿਤ ਕਰਨ, ਅਤੇ ਨਿਆਂ ਸੰਬੰਧੀ ਸਹਿਯੋਗੀਆਂ ਅਤੇ ਮੀਡੀਆ ਲਈ ਵਿਦਿਆ ਵਧਾਉਣ।
- ਕਮਿਊਨਿਟੀ ਵਿੱਚ ਸਰਕਾਰੀ ਵਕੀਲਾਂ ਵੱਲੋਂ ਪਰਉਪਕਾਰੀ ਕੰਮ ਦੇ ਤਰੀਕਿਆਂ ਤੇ ਨਜ਼ਰਸਾਨੀ ਲਈ ਇੱਕ ਲੋਕ-ਭਲਾਈ ਦਲ ਕਾਇਮ ਕਰਨਾ। ਇਸ ਵਿੱਚ ਅਡਾਪਟ-ਏ-ਸਕੂਲ ਪਰਾਜੈਕਟ, ਜਿਸ ਵਿੱਚ ਵਕੀਲ ਹਾਈ ਸਕੂਲ ਦੇ ਅਧਿਆਪਕਾਂ ਦੀਆਂ ਕਾਨੂੰਨ ਅਤੇ ਨਾਗਰਿਕ ਸ਼ਾਸਤਰ ਦੀਆਂ ਕਲਾਸਾਂ ਵਿੱਚ ਮਦਦ ਕਰਦੇ ਹਨ, ਸ਼ਾਮਲ ਹੈ।
- ਬਿਲ 27, ਫੈਮਿਲੀ ਸਟੈਚਿਊਟ ਲਾਅ ਅਮੈਂਡਮੈਂਟ ਐਕਟ, ਸਥਾਪਿਤ ਕਰਨਾ, ਜਿਹੜਾ ਯਕੀਨੀ ਬਣਾਵੇਗਾ ਕਿ ਸਭ ਕਾਨੂੰਨੀ ਮੁਕਦਮੇਬਾਜ਼ੀਆਂ ਓਨਟੇਰੀਓ ਅਤੇ ਕੈਨੇਡਾ ਦੇ ਕਾਨੂੰਨ ਮੁਤਾਬਕ ਹੋਵੇ।

- 30 -

ਸੰਪਰਕ:
ਬਰੈਂਡਨ ਕ੍ਰਾਅਲੀ
ਮਨਿਸਟਰੀ ਆਫ਼ ਦਾ ਐਟਰਨੀ-ਜਨਰਲ
ਕਮਿਊਨੀਕੇਸ਼ਨਜ਼ ਬਰਾਂਚ
*(416) 326-2210*

*Disponible en français*

www.attorneygeneral.jus.gov.on.ca
ਆਮ ਟੈਲੀਫ਼ੋਨ ਪੁੱਛ-ਗਿੱਛ: 416-326-2220 ਜਾਂ 1-800-518-7901

ਨਿਗਾਹ ਦੇ ਨੁਕਸ ਵਾਲੇ ਵਿਅਕਤੀ ਉਪ੍ਰੋਕਤ ਨੰਬਰ ਡਾਇਲ ਕਰ ਕੇ
ਇਸ ਦਸਤਾਵੇਜ ਦਾ ਪਾਠ ਸੁਣ ਸਕਦੇ ਹਨ।
ਟੀ.ਟੀ.ਵਾਈ.: 416-326-4012

ਇਸ ਦਸਤਾਵੇਜ ਦਾ 14 ਭਾਸ਼ਾਵਾਂ ਵਿੱਚ ਤਰਜਮਾ ਕੀਤਾ ਜਾ ਰਿਹਾ ਹੈ।
ਇਹ ਤਰਜਮੇ ਛੇਤੀ ਹੀ www.attorneygeneral.jus.gov.on.ca ਤੇ ਉਪਲਬਧ ਹੋਣਗੇ।